20 ਜੂਨ 2017

ਪਿਆਰੇ ਮਾਪਿਓ ਅਤੇ ਗਾਰਡੀਅਨਜ਼,

ਜਿਸ ਸਮੇਂ ਤੁਸੀਂ ਅਤੇ ਤੁਹਾਡੇ ਬੱਚੇ ਗਰਮੀਆਂ ਦੀਆਂ ਛੁੱਟੀਆਂ ਦੀ ਤਿਆਰੀ ਕਰ ਰਹੇ ਹੋ, ਉਸ ਸਮੇਂ ਸਰੀ ਆਰ ਸੀ ਐੱਮ ਪੀ ਅਤੇ ਸਰੀ ਸਕੂਲ ਡਿਸਟ੍ਰਿਕਟ ਤੁਹਾਨੂੰ ਗੈਰ-ਕਾਨੂੰਨੀ ਡਰੱਗਾਂ ਨਾਲ ਸੰਬੰਧਿਤ ਕੁਝ ਖਤਰਿਆਂ ਬਾਰੇ ਜਾਣਕਾਰੀ ਦੇਣੀ ਚਾਹੁੰਦੇ ਹਨ ਤਾਂ ਕਿ ਤੁਹਾਡੇ ਸਾਰਿਆਂ ਦੀਆਂ ਗਰਮੀਆਂ ਸੁਰੱਖਿਅਤ ਬੀਤਣ। ਇਹ ਬਹੁਤ ਜ਼ਰੂਰੀ ਹੈ ਕਿ ਮਾਪਿਆਂ/ਸੰਭਾਲ ਕਰਨ ਵਾਲਿਆਂ ਅਤੇ ਨੌਜਵਾਨਾਂ ਨੂੰ ਡਰੱਗਾਂ ਦੇ ਖਤਰਿਆਂ ਦਾ ਪਤਾ ਹੋਵੇ।

ਪਿਛਲੇ ਕੁਝ ਸਾਲਾਂ ਦੌਰਾਨ ਨਾਲ ਡਰੱਗਾਂ ਦੇ ਵਾਤਾਵਰਨ ਵਿੱਚ ਨਾਟਕੀ ਤਬਦੀਲੀ ਆਈ ਹੈ, ਮੁੱਖ ਤੌਰ ’ਤੇ ਅਜਿਹਾ ਫੈਂਟਾਨਿਲ ਦੇ ਆਉਣ ਨਾਲ ਹੋਇਆ ਹੈ। ਫੈਂਟਾਨਿਲ ਦਰਦ ਲਈ ਡਾਕਟਰ ਵਲੋਂ ਲਿਖ ਕੇ ਦਿੱਤੀਆਂ ਜਾਂਦੀਆਂ ਦਵਾਈਆਂ ਵਿੱਚੋਂ ਬਹੁਤ ਜ਼ਿਆਦਾ ਅਸਰ ਵਾਲੀ ਦਵਾਈ ਹੈ ਜਿਹੜੀ ਮੌਰਫੀਨ ਦੇ ਮੁਕਾਬਲੇ 100 ਗੁਣਾਂ ਜ਼ਿਆਦਾ ਨਸ਼ੀਲੀ ਹੈ। ਇਹ ਬਾਹਰੋਂ ਮੰਗਵਾ ਕੇ ਗੈਰ-ਕਾਨੂੰਨੀ ਢੰਗ ਨਾਲ ਵੇਚੀ ਜਾ ਰਹੀ ਹੈ ਅਤੇ ਇਸ ਦੇ ਬਹੁਤ ਦੁਖਦਾਈ ਨਤੀਜੇ ਨਿਕਲ ਰਹੇ ਹਨ; ਇਸ ਦੀ ਬਹੁਤ ਥੋੜ੍ਹੀ ਮਾਤਰਾ ਗੰਭੀਰ ਨੁਕਸਾਨ ਕਰ ਸਕਦੀ ਹੈ ਜਾਂ ਮੌਤ ਦਾ ਕਾਰਨ ਬਣ ਸਕਦੀ ਹੈ।

ਲੋਅਰ ਮੇਨਲੈਂਡ ਦੇ ਆਸ ਪਾਸ ਦੇ ਇਲਾਕਿਆਂ ਵਿੱਚ ਫੈਂਟਾਨਿਲ ਅਤੇ ਇਸ ਵਰਗੀਆਂ ਹੋਰ ਡਰੱਗਾਂ ਦੂਜੀਆਂ ਡਰੱਗਾਂ ਵਿੱਚ ਰਲਾਈਆਂ ਹੋਈਆਂ ਮਿਲੀਆਂ ਹਨ ਜਿਵੇਂ ਹੈਰੋਈਨ, ਪਾਊਡਰ ਕੋਕੇਨ, ਕਰੈਕ ਕੋਕੇਨ ਅਤੇ ਮੈਥਮਫੈਟਾਮੀਨ ਵਿੱਚ। ਔਕਸੀਕੋਡੋਨ ਅਤੇ ਪਰਕੋਸੈੱਟ ਦੀਆਂ ਨਕਲੀ ਗੋਲੀਆਂ ਵਿੱਚ ਵੀ ਇਹ ਮੁੱਖ ਸਮੱਗਰੀ ਵਜੋਂ ਪਾਈ ਗਈ ਹੈ। ਡਰੱਗਾਂ ਦੇ ਇਹਨਾਂ ਨਵੇਂ ਮਿਸ਼ਰਨਾਂ ਕਾਰਨ ਬਹੁਤ ਸਾਰੀਆਂ ਮੌਤਾਂ ਹੋਈਆਂ ਹਨ। ਸੰਨ 2016 ਵਿੱਚ ਸਰੀ ਵਿੱਚ ਓਵਰਡੋਜ਼ ਕਾਰਨ 113 ਮੌਤਾਂ ਹੋਈਆਂ ਸਨ, ਜਿਹੜੀ ਗਿਣਤੀ ਸੂਬੇ ਭਰ ਵਿੱਚ ਦੂਜੇ ਨੰਬਰ ’ਤੇ ਹੈ। ਸੰਨ 2017 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਸਰੀ ਵਿੱਚ ਪਹਿਲਾਂ ਹੀ ਓਵਰਡੋਜ਼ ਕਾਰਨ 51 ਮੌਤਾਂ ਹੋ ਚੁੱਕੀਆਂ ਹਨ।

ਗਰਮੀਆਂ ਵਿੱਚ ਫੈਸਟੀਵਲ, ਕਨਸਰਟ ਅਤੇ ਹਾਊਸ ਪਾਰਟੀਆਂ ਹੋਣਗੀਆਂ ਜਿਹਨਾਂ ਵਿੱਚ ਬਹੁਤ ਸਾਰੇ ਵਿਦਿਆਰਥੀ ਜਾਣਗੇ। ‘ਐਕਸਟੈਸੀ” ਜਾਂ “ਮੌਲੀ” (ਐੱਮ ਡੀ ਐੱਮ ਏ) ਇਸ ਤਰ੍ਹਾਂ ਦੇ ਸਮਾਗਮਾਂ ਵਿੱਚ ਵਰਤੀ ਜਾਣ ਵਾਲੀ ਆਮ ਡਰੱਗ ਹੈ, ਅਤੇ ਇਸ ਨੂੰ ਸੌਖਿਆਂ ਹੀ ਫੈਂਟਾਨਿਲ ਨਾਲ ਰਲਾਇਆ ਜਾ ਸਕਦਾ ਹੈ, ਜਿਸ ਨਾਲ ਵਰਤੋਂ ਕਰਨ ਵਾਲਿਆਂ ਲਈ ਓਵਰਡੋਜ਼ ਜਾਂ ਮੌਤ ਦਾ ਖਤਰਾ ਪੈਦਾ ਹੋ ਸਕਦਾ ਹੈ। ਐੱਮ ਡੀ ਐੱਮ ਏ ਉਤੇਜਿਕ ਗੁਣਾਂ ਵਾਲੀ ਮਨੋਭ੍ਰਾਂਤਕ ਦਵਾਈ (ਹਾਲੂਸਿਨਜਨ) ਹੈ। ਇਹ ਆਮ ਤੌਰ ’ਤੇ ਚਿੱਟੇ ਪਾਊਡਰ ਦੇ ਰੂਪ ਵਿੱਚ ਵੇਚੀ ਜਾਂਦੀ ਹੈ ਅਤੇ ਗੋਲੀਆਂ ਵੱਟ ਕੇ ਵੱਖ ਵੱਖ ਲੋਗੋਆਂ ਜਾਂ ਪੈਕਜਾਂ ਵਿੱਚ ਜਿਲੇਟਿਨ ਦੀਆਂ ਗੋਲੀਆਂ ਦੇ ਤੌਰ ’ਤੇ ਮਿਲਦੀ ਹੈ। ਆਮ ਤੌਰ ’ਤੇ ਐੱਮ ਡੀ ਐੱਮ ਏ ਵਰਤਣ ਵਾਲਿਆਂ ਨੂੰ ਚੜ੍ਹਾਈ ਦਾ ਅਨੁਭਵ ਹੁੰਦਾ ਹੈ, ਉਨ੍ਹਾਂ ਦਾ ਸਵੈ-ਵਿਸ਼ਵਾਸ ਅਤੇ ਮਿਲਾਪੜਾਪਨ ਵਧ ਜਾਂਦਾ ਹੈ। ਇਸ ਕਰਕੇ ਹੀ ਇਹ ਪਾਰਟੀਆਂ ਵਿੱਚ ਬਹੁਤ ਜ਼ਿਆਦਾ ਪ੍ਰਚਲਿਤ ਹੈ।

ਮਾਪਿਆਂ ਦੇ ਤੌਰ ’ਤੇ ਸਾਡੇ ਵਲੋਂ ਕੀਤੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਸਾਡੇ ਬੱਚਿਆਂ ਵਲੋਂ ਡਰੱਗ ਵਰਤਣ ਦਾ ਖਤਰਾ ਹੋ ਸਕਦਾ ਹੈ। ਉਹ ਨੌਜਵਾਨ ਹਨ ਅਤੇ ਉਹ ਸਾਡੇ ਕੰਟਰੋਲ ਤੋਂ ਬਾਹਰਲੇ ਲੋਕਾਂ ਅਤੇ ਹਾਲਤਾਂ ਦੇ ਅਸਰ ਹੇਠ ਆ ਸਕਦੇ ਹਨ। ਤੁਸੀਂ ਇਹ ਨਾ ਸਮਝੋ ਕਿ ਤੁਹਾਡਾ ਬੱਚਾ ਡਰੱਗਾਂ ਦੀ ਵਰਤੋਂ ਨਹੀਂ ਕਰ ਰਿਹਾ ਜਾਂ ਡਰੱਗਾਂ ਦੀ ਵਰਤੋਂ ਕਰਨ ਬਾਰੇ ਸੋਚ ਨਹੀਂ ਰਿਹਾ। ਸ਼ਾਇਦ ਇਹ ਜਾਣ ਕੇ ਤੁਹਾਨੂੰ ਹੈਰਾਨੀ ਹੋਵੇ ਕਿ ਬੀ ਸੀ ਵਿੱਚ ਓਵਰਡੋਜ਼ ਕਾਰਨ ਹੋਣ ਵਾਲੀਆਂ ਮੌਤਾਂ ਵਿੱਚੋਂ 45 ਫੀਸਦੀ ਮੌਤਾਂ ਪ੍ਰਾਈਵੇਟ ਘਰਾਂ ਵਿੱਚ ਹੁੰਦੀਆਂ ਹਨ। ਮਾਪਿਆਂ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਇਹ ਸਮੱਸਿਆ ਬੇਘਰੇ ਲੋਕਾਂ ਜਾਂ ਡਰੱਗਾਂ ਦੇ ਅਮਲੀਆਂ ਤੱਕ ਹੀ ਸੀਮਤ ਨਹੀਂ – ਓਵਰਡੋਜ਼ ਕਾਰਨ ਹੋਣ ਵਾਲੀ ਮੌਤ ਪਹਿਲੀ ਵਾਰ ਡਰੱਗ ਵਰਤਣ ਵਾਲਿਆਂ ਜਾਂ ਡਰੱਗਾਂ ਦਾ ਤਜਰਬਾ ਕਰਨ ਵਾਲਿਆਂ ਵਿੱਚ ਵੀ ਸੌਖਿਆਂ ਹੀ ਹੋ ਸਕਦੀ ਹੈ।

ਅਸੀਂ ਤੁਹਾਨੂੰ ਆਪਣੇ ਬੱਚਿਆਂ ਨਾਲ ਡਰੱਗਾਂ ਬਾਰੇ ਗੱਲਬਾਤ ਕਰਕੇ ਉਹਨਾਂ ਦੀ ਸੁਰੱਖਿਆ ਕਰਨ ਲਈ ਉਤਸ਼ਾਹਿਤ ਕਰਦੇ ਹਾਂ – ਖਾਸ ਕਰਕੇ

.....2

ਚੋਰੀ ਰਲਾਈ ਫੈਂਟਾਨਿਲ ਅਤੇ ਇਸ ਦੇ ਮਾਰੂ ਅਸਰ ਬਾਰੇ ਗੱਲਬਾਤ ਕਰਕੇ। ਆਪਣੇ ਬੱਚੇ ਦੀਆਂ ਸਰਗਰਮੀਆਂ, ਮੂਡ ਅਤੇ ਦੋਸਤਾਂ ਉੱਪਰ ਨਿਗ੍ਹਾ ਰੱਖੋ ਅਤੇ ਗੱਲਬਾਤ ਜਾਰੀ ਰੱਖੋ। ਆਪਣੇ ਬੱਚਿਆਂ ਨਾਲ ਡਰੱਗਾਂ ਬਾਰੇ ਕਿਵੇਂ ਗੱਲ ਕਰਨੀ ਹੈ, ਇਸ ਬਾਰੇ ਸੁਝਾਵਾਂ ਲਈ ਫਰੇਜ਼ਰ ਹੈਲਥ ਦੇ ਵੈੱਬਸਾਈਟ www.fraserhealth.ca/health-info/ ਜਾਂ ਡਰੱਗ ਫ੍ਰੀ ਕਿਡਜ਼ ਦੇ ਵੈੱਬਸਾਈਟ www.drugfreekidscanada.org ’ਤੇ ਜਾਉ। ਸਰੀ ਆਰ ਸੀ ਐੱਮ ਪੀ ਵਲੋਂ ਵੀ ਮਾਪਿਆਂ ਲਈ ਇਕ ਹੈਲਪ ਲਾਈਨ (604-599-7800) ਚਲਾਈ ਜਾਂਦੀ ਹੈ ਜਿਹੜੀ ਉਹਨਾਂ ਮਾਪਿਆਂ ਲਈ ਮਦਦ ਪ੍ਰਦਾਨ ਕਰਦੀ ਹੈ, ਜਿਹਨਾਂ ਨੂੰ ਆਪਣੇ ਬੱਚਿਆਂ ਵਲੋਂ ਗੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਹੋਣ ਦਾ ਫਿਕਰ ਹੋਵੇ।

ਸਰੀ ਆਰ ਸੀ ਐੱਮ ਪੀ ਅਤੇ ਸਰੀ ਸਕੂਲ ਡਿਸਟ੍ਰਿਕਟ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਲਈ ਵਚਨਬੱਧ ਹਨ। ਅਸੀਂ ਤੁਹਾਡੇ ਲਈ ਅਤੇ ਤੁਹਾਡੇ ਪਰਿਵਾਰ ਲਈ ਆਨੰਦਮਈ ਗਰਮੀਆਂ ਦੀ ਸ਼ੁਭਕਾਮਨਾ ਕਰਦੇ ਹਾਂ।

ਸੱਚੇ ਦਿਲੋਂ,

ਡਾ: ਜੌਰਡਨ ਟਿੰਨੀ
ਸਕੂਲਾਂ ਦਾ ਸੁਪਰਡੈਂਟ/ਸੀ ਈ ਓ
ਸਰੀ ਸਕੂਲ ਡਿਸਟ੍ਰਿਕਟ

ਅਸਿਸਟੈਂਟ ਕਮਿਸ਼ਨਰ ਡਵੇਨ ਮਕਡੌਨਲਡ
ਆਫੀਸਰ ਇਨ ਚਾਰਜ
ਸਰੀ ਆਰ ਸੀ ਐੱਮ ਪੀ


Surrey Schools – Superintendent's Department 14033 92nd Avenue, Surrey, B.C. V3V 0B7
Tel: (604) 595-6308 Fax: (604) 595-6309 www.surreyschools.ca